**Exam. Code : 105402**
**Subject Code : 1367**

**Bachelor in Business Administration 2nd Semester**

**MUDHLI PUNJABI**

**(Punjab Da Itihas Ate Sabhiachar)**

**Paper–BBA–202(ii)**

Time Allowed—2 Hours] [Maximum Marks—50

**ਨੋਟ :–** ਕੁੱਲ **ਅੱਠ** ਪ੍ਰਸ਼ਨਾਂ ਦੇ ਸਮਾਨ ਅੰਕ ਹਨ। ਪਰੀਖਿਆਰਥੀਆਂ ਨੇ ਕੋਈ **ਚਾਰ** ਪ੍ਰਸ਼ਨ ਕਰਨੇ ਹਨ।

1. ਨਾਂਵ ਦੀ ਪਰਿਭਾਸ਼ਾ ਤੇ ਵਰਗੀਕਰਨ ਪੇਸ਼ ਕਰੋ।
2. ਕਿਰਿਆ ਤੋਂ ਕੀ ਭਾਵ ਹੈ ? ਕਿਰਿਆ ਦੀ ਵਰਗਵੰਡ ਉਦਾਹਰਨਾਂ ਸਹਿਤ ਪੇਸ਼ ਕਰੋ।
3. ਵਾਕ ਕਿਸਨੂੰ ਕਹਿੰਦੇ ਹਨ ? ਸੰਯੁਕਤ ਵਾਕ ਦੀ ਪਰਿਭਾਸ਼ਾ ਤੇ ਪਛਾਣ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ।
4. ਪ੍ਰਸ਼ਨਵਾਚਕ ਵਾਕ ਦੀ ਪਛਾਣ ਅਤੇ ਵਰਤੋਂ ਬਾਰੇ ਚਰਚਾ ਕਰੋ।
5. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚਨਾ ਪੇਸ਼ ਕਰੋ :

   (ੳ) ਸਵੇਰ ਦੀ ਸੈਰ

   (ਅ) ਅਜੋਕੀ ਵਿਦਿਆ-ਪ੍ਰਣਾਲੀ

   (ੲ) ਪੰਜਾਬ ਦੇ ਲੋਕ-ਗੀਤ।
6. ਨਿਮਨਲਿਖਤ ਪੈਰ੍ਹੇ ਦੀ ਸੰਖੇਪ ਰਚਨਾ ਕਰੋ :

   ਜਿਵੇਂ-ਜਿਵੇਂ ਕਿਸੇ ਬੋਲੀ ਵਿੱਚ ਸਾਹਿਤ ਰਚਿਆ ਜਾਣਾ ਤੇ ਵਧਣਾ ਸ਼ੁਰੂ ਹੁੰਦਾ ਹੈ, ਉਵੇਂ-ਉਵੇਂ ਹੀ ਪਰਖਣ ਦੀ ਸੋਝੀ ਪੈਦਾ ਹੁੰਦੀ ਹੈ। ਪਾਠਕ ਵਿੱਚ ਲਿਖਤਾਂ ਤੇ ਰਚਨਾਵਾਂ ਸੰਬੰਧੀ ਪਰਖ ਤੇ ਤੁਲਨਾ ਦੀ



   ਸਮਰੱਥਾ ਪੈਦਾ ਹੁੰਦੀ ਹੈ ? ਚੰਗੀ ਪਰਖ ਨਾ ਕੇਵਲ ਪੜ੍ਹਣ ਵਾਲੇ ਨੂੰ ਹੀ ਲਿਖਤ ਦੀ ਹੈਸੀਅਤ ਦਾ ਅੰਦਾਜ਼ਾ ਲਾਉਣ ਵਿੱਚ ਤੇ ਉਸਦਾ ਸੁਆਦ ਮਾਣਨ ਵਿੱਚ ਮਦਦ ਦਿੰਦੀ ਹੈ, ਸਗੋਂ ਚੰਗੇ ਤੇ ਉੱਚੇ ਦਰਜੇ ਦੀ ਸਾਹਿਤਕ ਰਚਨਾ ਦੀ ਉਤਪਤੀ ਵਿੱਚ ਵੀ ਸਹਾਇਕ ਸਿੱਧ ਹੁੰਦੀ ਹੈ। ਚੰਗੀ ਪਰਖ ਦੇ ਨਾ ਹੋਣ ਕਾਰਨ ਦੇਖਿਆ ਗਿਆ ਹੈ ਕਿ ਉੱਚੇ ਦਰਜੇ ਦੇ ਲਿਖਾਰੀਆਂ ਦੀਆਂ ਲਿਖਤਾਂ ਦੀ ਮਹਾਨਤਾ ਬਹੁਤ ਚਿਰ ਤਕ ਆਮ ਪਾਠਕ ਪਛਾਣ ਨਹੀਂ ਸਕੇ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰ ਸਾਹਿਤ ਵਿੱਚ ਚੰਗੀ ਪਰਖ ਹੋਵੇ। ਚੰਗੀ ਪਰਖ ਨਵੇਂ ਲੇਖਕਾਂ ਦੀ ਹੌਂਸਲਾ ਅਫਜ਼ਾਈ ਵੀ ਕਰਦੀ ਹੈ।
7. ਕਿਸੇ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਪ੍ਰਾਪਤ ਕਰਨ ਲਈ ਬਿਨੈ ਪੱਤਰ ਲਿਖੋ।
8. ਨਿਮਨਲਿਖਿਤ ਮੁਹਾਵਰੇ ਅਤੇ ਅਖਾਣਾਂ ਨੂੰ ਇੰਝ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

   ਉਸਤਾਦ ਮੰਨਣਾ, ਉਨ ਲਾਹੁਣਾ, ਆਈ ਚਲਾਈ ਕਰਨਾ, ਇੱਕ ਮੁੱਠ ਹੋਣਾ, ਹੱਥ ਗਰਮ ਕਰਨਾ, ਹਾੜ੍ਹ ਸੁੱਕੇ ਨਾ ਸਾਉਣ ਹਰੇ, ਸੱਪਾਂ ਦੇ ਸਾਹਮਣੇ ਦੀਵੇ ਨਹੀਂ ਬਲਦੇ, ਇਕ ਪੰਥ ਦੋ ਕਾਜ, ਅੱਗਾ ਦੌੜ ਪਿੱਛਾ ਚੋੜ, ਉਲਟੀ ਵਾੜ ਖੇਤ ਨੂੰ ਖਾਵੇ।